
## ਪਾਠ-12

## ਪਹਿਲ (ਲੇਖਕ-ਸ ਸ.ਚਰਨ ਸਿੰਘ ਸ਼ਹੀਦ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਡਾਕਟਰ ਨੇ ਬੁੱਧੂ ਨੂੰ ਕੀ ਨੁਸਖ਼ਾ ਦੱਸਿਆ?**

ਉੱਤਰ : ਡਾਕਟਰ ਨੇ ਬੁੱਧੂ ਨੂੰ ਦੱਸਿਆ ਕਿ ਨੁਸਖੇ ਵਿਚ ਲਿਖੀਆਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਪੀਹ ਕੇ ਇਕ ਨਲਕੀ ਵਿਚ ਪਾ ਲਵੇ ਤੇ ਨਲਕੀ ਨੂੰ ਇਕ ਪਾਸਿਓਂ ਖੋਤੇ ਦੀ ਨਾਸ ਵਿਚ ਰੱਖ ਕੇ ਦੂਜੇ ਪਾਸਿਓਂ ਜ਼ੋਰ ਦੀ ਫੂਕ ਮਾਰੇ। ਇਸ ਤਰ੍ਹਾਂ ਖ਼ੋਤੇ ਨੂੰ ਨਸਵਾਰ ਆਉਣ ਨਾਲ਼ ਖ਼ੋਤਾ ਠੀਕ ਹੋ ਜਾਵੇਗਾ ।

**ਪ੍ਰਸ਼ਨ ਅ. ਬੁੱਧੂ ਖਊਂ-ਖਊਂ ਕਰਦਾ ਡਾਕਟਰ ਕੋਲ ਕਿਉਂ ਵਾਪਸ ਆਇਆ?**

ਉੱਤਰ : ਬੁੱਧੂ ਖਊਂ-ਖਊਂ ਕਰਦਾ ਇਸ ਕਰਕੇ ਆਇਆ, ਕਿਉਂਕਿ ਨਲਕੀ ਵਿਚ ਉਸ ਦੇ ਫੂਕ ਮਾਰਨ ਤੋਂ ਪਹਿਲਾਂ ਹੀ ਖੋਤੇ ਨੇ ਫੂਕ ਮਾਰ ਦਿੱਤੀ ਸੀ। ਸਾਰੀ ਦਵਾਈ ਬੁੱਧੂ ਦੇ ਸੰਘ ਵਿਚ ਜਾਣ ਕਾਰਨ ਉਸ ਨੂੰ ਬੁਰੀ ਤਰ੍ਹਾਂ ਖੰਘ ਛਿੜ ਗਈ ।



**ਪ੍ਰਸ਼ਨ ੲ. ਡਾਕਟਰ ਹੱਸ-ਹੱਸ ਦੂਹਰਾ ਕਿਉਂ ਹੋਇਆ ?**

ਉੱਤਰ : ਖ਼ੋਤੇ ਦੀ ਫੂਕ ਨਾਲ ਬੁੱਧੂ ਦੇ ਸੰਘ ਵਿਚ ਦਵਾਈ ਧੱਸ ਜਾਣ ਦੀ ਗੱਲ ਸੁਣ ਕੇ ਡਾਕਟਰ ਹੱਸ-ਹੱਸ ਕੇ ਦੂਹਰਾ ਹੋ ਗਿਆ।

**ਪ੍ਰਸ਼ਨ ਸ. ਹੇਠ ਲਿਖੀਆਂ ਸਤਰਾਂ ਦੇ ਅਰਥ ਆਪਣੇ ਸ਼ਬਦਾਂ ਵਿਚ ਲਿਖੋ।**

**"ਜਿਦ੍ਹੀ ਫੂਕ ਵੱਜ ਜਾਵੇ ਪਹਿਲਾਂ, ਜਿੱਤ ਓਸ ਦੀ ਕਹਿੰਦੇ**
**ਤੇਰੇ ਜਿਹੇ ਸੁਸਤ ਪਿੱਛ-ਰਹਿਣੇ, ਰਊਂ-ਰਊਂ ਕਰਦੇ ਰਹਿੰਦੇ।"**

ਉੱਤਰ- ਜਿਹੜਾ ਪਹਿਲਾਂ ਮੌਕਾ ਸੰਭਾਲ ਲੈਂਦਾ ਹੈ, ਉਸੇ ਦੀ ਜਿੱਤ ਮੰਨੀ ਜਾਂਦੀ ਹੈ। ਤੇਰੇ ਵਰਗੇ ਸੁਸਤ ਤੇ ਪਿੱਛੇ ਰਹਿਣ ਵਾਲੇ ਰੋਂਦੇ ਹੀ ਰਹਿੰਦੇ ਹਨ।

### 2. ਮੁਹਾਵਰਿਆਂ ਦੇ ਅਰਥ :

| | | |
|---|---|---|
| ਹਟਕੋਰੇ ਲੈਣਾ | : | ਰੋਂਦੇ ਹੋਏ ਲੰਮਾ ਸਾਹ ਲੈਣਾ, ਹਉਕਾ ਲੈਣਾ |
| ਦੁਲੱਤੀ ਮਾਰਨਾ | : | ਕਿਸੇ ਜਾਨਵਰ ਵੱਲੋਂ ਦੋਵੇਂ ਲੱਤਾਂ ਇੱਕ ਵੇਲ਼ੇ ਜੋੜ ਕੇ ਮਾਰਨੀਆਂ, ਪਰ੍ਹਾਂ ਹਟਾਉਣਾ |
| ਹਨੇਰੀ ਵਾਂਗ ਆਉਣਾ | : | ਬਹੁਤ ਤੇਜ਼ੀ ਨਾਲ ਆਉਣਾ |
| ਹੱਸ-ਹੱਸ ਦੂਹਰਾ ਹੋਣਾ | : | ਬਹੁਤ ਹੱਸਣਾ, ਹਾਸੇ ਨਾਲ ਲੋਟ-ਪੋਟ ਹੋਣਾ |
| ਦੂਣਾ-ਚੋਣਾ ਹੋਣਾ | : | ਬਹੁਤ ਖ਼ੁਸ਼ ਹੋਣਾ |
| ਰਊਂ-ਰਊਂ ਕਰਨਾ | : | ਰੋਣ ਨੂੰ ਤਿਆਰ ਹੋਣਾ, ਰੋਣਹਾਕਾ ਹੋਣਾ |

### 3. ਵਿਆਕਰਨ :

**ਕਵਿਤਾ ਵਿਚ ਆਏ ਵਸਤੂਵਾਚਕ ਨਾਂਵ –** ਨਸਵਾਰ, ਦਵਾਈ

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**